# Vice President addressed the Retreat Session of the 13th ASEM Summit

November 26, 2021

.......................................

## ਉਪ ਰਾਸ਼ਟਰਪਤੀ ਨੇ ਕੀਤਾ 13ਵੇਂ ASEM ਦੇ ਰੀਟਰੀਟ ਸਤਰ ਨੂੰ ਸੰਬੋਧਤ

**26 ਨਵੰਬਰ, 2021**

**ਮਹਾਂਮਾਰੀ ਨੇ ਮੌਜੂਦਾ ਆਲਮੀ ਵਿਵਸਥਾ ਦੀਆਂ ਕਮੀਆਂ ਨੂੰ ਉਜਾਗਰ ਕੀਤਾ ਹੈ; ਇਹਨਾਂ ਕਮੀਆਂ ਨੂੰ ਦੂਰ ਕਰਨ ਲਈ ਬਹੁਪੱਖੀ ਅਤੇ ਸਹਿਯੋਗੀ ਪਹੁੰਚ ਦੀ ਲੋੜ ਹੈ - ਉਪ ਰਾਸ਼ਟਰਪਤੀ**

**ਸਮੁੰਦਰ ਖੁਸ਼ਹਾਲੀ ਦੀਆਂ ਰਾਹਾਂ ਹਨ; ਇਹ ਗੱਲ ਮਹੱਤਵਪੂਰਨ ਹੈ ਕਿ ਉਹਨਾਂ ਤੱਕ ਪਹੁੰਚ ਮੁਕਤ ਅਤੇ ਬਿਨਾਂ ਕਿਸੇ ਬੋਝ ਦੇ ਬਣੀ ਰਹੇ - ਉਪ ਰਾਸ਼ਟਰਪਤੀ**

**ਜਲਵਾਯੂ ਪਰਿਵਰਤਨ ਨਾਲ ਲੜਨ ਦਾ ਰਾਹ ਜਲਵਾਯੂ ਨਿਆਂ ਹੈ - ਉਪ ਰਾਸ਼ਟਰਪਤੀ**

**ਉਪ ਰਾਸ਼ਟਰਪਤੀ ਨੇ 13ਵੇਂ ਏਸ਼ੀਆ-ਯੂਰਪ ਸਿਖਰ ਸੰਮੇਲਨ ਦੇ ਰੀਟਰੀਟ ਸਤਰ ਨੂੰ ਸੰਬੋਧਤ ਕੀਤਾ**

ਉਪ ਰਾਸ਼ਟਰਪਤੀ ਸ਼੍ਰੀ ਐੱਮ. ਵੈਂਕਈਆ ਨਾਇਡੂ ਨੇ ਅੱਜ 25 ਨਵੰਬਰ ਨੂੰ ਵਰਚੁਅਲ ਫਾਰਮੈਟ ਵਿੱਚ ਸ਼ੁਰੂ ਹੋਏ ਦੋ-ਰੋਜ਼ਾ ASEM ਸਿਖਰ ਸੰਮੇਲਨ ਦੇ ਰੀਟਰੀਟ ਸਤਰ ਨੂੰ ਸੰਬੋਧਤ ਕੀਤਾ, ਜਿਸ ਦਾ ਵਿਸ਼ਾ ਸੀ "ਸਾਂਝੇ ਵਿਕਾਸ ਲਈ ਮਜ਼ਬੂਤ ਬਹੁਪੱਖਵਾਦ"। ਇਹ ਗੱਲ ਉਪ ਰਾਸ਼ਟਰਪਤੀ ਨੇ ਕੱਲ ਸਿਖਰ ਸੰਮੇਲਨ ਦੇ ਆਮ ਸਤਰ ਦੌਰਾਨ ਕਹੀ।

ਰਿਟਰੀਟ ਸਤਰ ਦੌਰਾਨ ਸ਼੍ਰੀ ਨਾਇਡੂ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਨੇ ਮੌਜੂਦਾ ਆਲਮੀ ਵਿਵਸਥਾ, ਖਾਸ ਤੌਰ 'ਤੇ ਸਿਹਤ ਪ੍ਰਣਾਲੀ ਅਤੇ ਸਪਲਾਈ ਚੇਨਾਂ, ਦੀਆਂ ਬਹੁਤ ਸਾਰੀਆਂ ਕਮੀਆਂ ਉਜਾਗਰ ਕੀਤੀਆਂ ਹਨ ਅਤੇ ਇਹਨਾਂ ਕਮੀਆਂ ਨੂੰ ਦੂਰ ਕਰਨ ਲਈ ਬਹੁਪੱਖੀ ਅਤੇ ਸਹਿਯੋਗੀ ਪਹੁੰਚ ਦੀ ਅਪੀਲ ਕੀਤੀ। ਕੋਵਿਡ-19 ਵਿਰੁੱਧ ਜੰਗ ਵਿੱਚ ਭਾਰਤ ਦੇ ਯੋਗਦਾਨ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਦੁਨੀਆਂ ਦੀ ਆਬਾਦੀ ਦੇ ਛੇਵੇਂ ਹਿੱਸੇ ਦਰਮਿਆਨ ਸੰਕਰਮਣ ਦਾ ਫੈਲਣਾ ਕੰਟਰੋਲ ਕਰਕੇ ਭਾਰਤ ਨੇ ਦੁਨੀਆਂ ਨੂੰ ਸੁਰੱਖਿਅਤ ਬਣਾਉਣ ਵਿੱਚ ਯੋਗਦਾਨ ਪਾਇਆ ਹੈ। ਇੱਕ ਅਰਬ ਤੋਂ ਵੱਧ ਟੀਕੇ ਲਾਏ ਜਾਣ ਦੇ ਮੀਲ ਪੱਥਰ ਦਾ ਜ਼ਿਕਰ ਕਰਦੇ ਹੋਏ ਸ਼੍ਰੀ ਨਾਇਡੂ ਨੇ ਕਿਹਾ ਕਿ ਭਾਰਤ ਲੋੜਵੰਦ ਦੇਸ਼ਾਂ ਨੂੰ ਟੀਕਿਆਂ ਦਾ ਆਲਮੀ ਨਿਰਯਾਤ ਮੁੜ ਸ਼ੁਰੂ ਕਰਨ ਦੀ ਪ੍ਰਕਿਰਿਆ ਵਿੱਚ ਹੈ।

ਲਗਾਤਾਰ ਵਧਦੇ ਭੂਮੰਡਲੀਕਰਨ ਵਾਲੀਏ ਦੁਨੀਆ ਵਿੱਚ ਸਮੁੰਦਰੀ ਸੁਰੱਖਿਆ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਉਪ ਰਾਸ਼ਟਰਪਤੀ ਨੇ ਕਿਹਾ ਕਿ ਸਮੁੰਦਰ ਖੁਸ਼ਹਾਲੀ ਦੇ ਰਸਤੇ ਹਨ ਅਤੇ ਇਹ ਗੱਲ ਮਹੱਤਵਪੂਰਨ ਹੈ ਕਿ ਉਨ੍ਹਾਂ ਤੱਕ ਪਹੁੰਚ ਰਵਾਇਤੀ ਅਤੇ ਗੈਰ-ਰਵਾਇਤੀ ਖਤਰਿਆਂ ਤੋਂ ਮੁਕਤ ਅਤੇ ਬੇਰੋਕ ਜਰੀਏ ਰਹੇ। ਇਸ ਸਬੰਧ ਵਿਚ ਉਨ੍ਹਾਂ ਨੇ ਪੰਜ ਸਿਧਾਂਤਾਂ ਦਾ ਜ਼ਿਕਰ ਕੀਤਾ ਜੋ ਭਾਰਤ ਦੇ ਨਜ਼ਰੀਏ ਨੂੰ ਪਰਿਭਾਸ਼ਤ ਕਰਦੇ ਹਨ, ਜਿਨ੍ਹਾਂ ਵਿੱਚ ਸੁਤੰਤਰ, ਖੁੱਲ੍ਹਾ

ਅਤੇ ਸੁਰੱਖਿਅਤ ਸਮੁੰਦਰੀ ਵਪਾਰ, ਅੰਤਰਰਾਸ਼ਟਰੀ ਕਾਨੂੰਨ ਦੇ ਆਧਾਰ 'ਤੇ ਸਮੁੰਦਰੀ ਵਿਵਾਦਾਂ ਦਾ ਸ਼ਾਂਤੀਪੂਰਨ ਨਿਪਟਾਰਾ, ਕੁਦਰਤੀ ਬਿਪਦਾਵਾਂ ਅਤੇ ਸਮੁੰਦਰੀ ਖਤਰਿਆਂ ਦਾ ਸਮੂਹਿਕ ਹੱਲ, ਸਮੁੰਦਰੀ ਵਾਤਾਵਰਣ ਅਤੇ ਸਮੁੰਦਰੀ ਸਰੋਤਾਂ ਦੀ ਸੰਭਾਲ ਅਤੇ ਦੇਸ਼ਾਂ ਦੀ ਸਥਿਰਤਾ ਅਤੇ ਸਮਾਈ ਸਮਰੱਥਾ ਦੇ ਆਧਾਰ 'ਤੇ ਜ਼ਿੰਮੇਵਾਰਾਣਾ ਸਮੁੰਦਰੀ ਸੰਪਰਕ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

ਜਲਵਾਯੂ ਕਾਰਵਾਈ ਨੂੰ ਸਾਂਝੇ ਹਿੱਤਾਂ ਦਾ ਇੱਕ ਹੋਰ ਖੇਤਰ ਦੱਸਦੇ ਹੋਏ ਉਪ ਰਾਸ਼ਟਰਪਤੀ ਨੇ ਦੁਹਰਾਇਆ ਕਿ ਜਲਵਾਯੂ ਪਰਿਵਰਤਨ ਨਾਲ ਲੜਨ ਦਾ ਰਾਹ ਜਲਵਾਯੂ ਨਿਆਂ ਰਾਹੀਂ ਨਿਕਲਦਾ ਹੈ, ਜਿਸ ਕਾਰਨ ਦੇਸ਼ਾਂ ਨੂੰ ਇਸ ਚੀਜ਼ ਨੂੰ ਵੱਡੇ ਪਰਿਪੇਖ ਵਿੱਚ ਸਮਝਣ ਦੀ ਲੋੜ ਹੈ।

ਸ਼੍ਰੀ ਨਾਇਡੂ ਨੇ ਕਿਹਾ ਕਿ ਮਹਾਂਮਾਰੀ ਤੋਂ ਬਾਅਦ ਦੇ ਸਮੇਂ ਵਿੱਚ ਇੱਕ ਵੱਖਰੀ ਦੁਨੀਆ ਸਾਡੀ ਉਡੀਕ ਕਰ ਰਹੀ ਹੈ। "ਇਹ ਅਜਿਹੀ ਦੁਨੀਆਂ ਹੈ ਜੋ ਭਰੋਸੇ ਅਤੇ ਪਾਰਦਰਸ਼ਤਾ, ਲਚਕੀਲੇਪਨ, ਭਰੋਸੇਯੋਗਤਾ, ਵਿਕਲਪਾਂ ਅਤੇ ਰਿਡੰਡੈਂਸੀ ਨੂੰ ਬਹੁਤ ਮੁੱਲ ਦਿੰਦੀ ਹੈ," ਉਨ੍ਹਾਂ ਨੇ ਕਿਹਾ ਅਤੇ ਟਿੱਪਣੀ ਕੀਤੀ ਕਿ ASEM ਪ੍ਰਕਿਰਿਆ, ਜੋ ਏਸ਼ੀਆ ਅਤੇ ਯੂਰਪ ਦੇ ਦੇਸ਼ਾਂ ਨੂੰ ਇੱਕ ਥਾਂ ਤੇ ਇਕੱਠਾ ਕਰਦੀ ਹੈ, ਦੀ ਇਸ ਵਿੱਚ ਮਹੱਤਵਪੂਰਣ ਭੂਮਿਕਾ ਹੈ। ਇਸ ਮੌਕੇ 'ਤੇ ਉਨ੍ਹਾਂ ਨੇ ਇਸ ਖੇਤਰ ਵਿੱਚ ਸਾਰਿਆਂ ਲਈ ਸੁਰੱਖਿਆ ਅਤੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਏਕਤਾ ਦੀ ਭਾਵਨਾ ਵਿੱਚ ਆਪਣੇ ਤਜ਼ਰਬੇ ਅਤੇ ਸਰੋਤਾਂ ਨੂੰ ਦੁਨੀਆ ਨਾਲ ਸਾਂਝਾ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦੁਹਰਾਈ।

ਨਵੀਂ ਦਿੱਲੀ
26 ਨਵੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.